# Maharaja Ranjit Singh Punjab Technical University
# Dabwali Road,Bathinda.

(Established by Govt. of Punjab vide Punjab Act No. 5 of 2015 and approved Under Section 2(f) & 12(B) of UGC)

Ref. No. MRSPTU/Estate/25-26/____________ Dated____________

**ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੇ ਜੀ.ਜੈਡ.ਐਸ.ਸੀ.ਸੀ.ਈ.ਟੀ ਕੈਂਪਸ ਵਿਖੇ ਸਈਬਰ ਕੈਫੇ ਲਈ ਦੁਕਾਨ (ਸ਼ਾਪਿੰਗ ਕੰਪਲੈਕਸ) ਦੀ ਬੋਲੀ ਬਾਰੇ ਜ਼ਰੂਰੀ ਸ਼ਰਤਾਂ (ਬੋਲੀ ਮਿਤੀ 07-08-2025 ਦਿਨ ਵੀਰਵਾਰ)।**

1. ਹਰ ਬੋਲੀਕਾਰ ਮੌਕੇ ਤੇ ਬੋਲੀ ਦੇਣ ਤੋਂ ਪਹਿਲਾਂ ਰਕਮ 50,000/- ਰੁ: ਬਤੌਰ ਜ਼ਮਾਨਤੀ ਰਕਮ ਵਜ਼ੋ ਜ਼ਮ੍ਹਾਂ ਕਰਵਾਏਗਾ ਅਤੇ ਇਹ ਜ਼ਮਾਨਤੀ ਰਕਮ ਰਜਿਸਟਰਾਰ, ਐਮ.ਆਰ.ਐਸ.ਪੀ.ਟੀ.ਯੂ, ਬਠਿੰਡਾ ਦੇ ਨਾਮ ਤੇ ਡੀ.ਡੀ ਰਾਹੀਂ ਲਈ ਜਾਵੇਗੀ। ਪਹਿਲੇ ਅਤੇ ਦੂਜੇ ਨੰਬਰ ਦੀ ਬੋਲੀ ਵਾਲੇ ਨੂੰ ਛੱਡ ਕੇ ਬਾਕੀਆਂ ਨੂੰ ਜਮਾਨਤੀ ਰਕਮ ਵਾਪਸ ਕਰ ਦਿੱਤੀ ਜਾਵੇਗੀ। ਦੂਸਰੇ ਨੰਬਰ ਦੇ ਬੋਲੀਕਾਰ ਨੂੰ ਜਮਾਨਤੀ ਰਕਮ ਪਹਿਲੇ ਬੋਲੀਕਾਰ ਵੱਲੋ ਦੁਕਾਨ ਦਾ ਚਾਰਜ ਸੰਭਾਂਲਣ ਉਪਰੰਤ ਵਾਪਿਸ ਕਰ ਦਿੱਤੀ ਜਾਵੇਗੀ। ਸਭ ਤੋਂ ਵੱਧ ਬੋਲੀ ਦੇਣ ਵਾਲੇ ਨੂੰ ਸਮੱਰਥ ਅਧਿਕਾਰੀ ਦੀ ਪ੍ਰਵਾਨਗੀ ਲੈਣ ਉਪਰੰਤ ਦੁਕਾਨ ਅਲਾਟ ਕਰ ਦਿੱਤੀ ਜਾਵੇਗੀ। ਸਰਕਾਰੀ ਬੋਲੀ ਰੁਪਏ 1000/- ਪ੍ਰਤੀ ਮਹੀਨਾ ਪ੍ਰਤੀ ਦੁਕਾਨ ਨਿਸਚਿਤ ਕੀਤੀ ਗਈ ਹੈ। ਬੋਲੀ ਦੌਰਾਨ ਬੋਲੀਕਾਰ ਤੋ ਇਲਾਵਾ ਹੋਰ ਕੋਈ ਵੀ ਵਿਅਕਤੀ ਦੇ ਸਾਮਿਲ ਹੋਣ ਦੀ ਮਨਾਹੀ ਹੋਵੇਗੀ।
2. ਸਫਲ ਬੋਲੀਕਾਰ ਨੂੰ ਦੁਕਾਨ ਦੀ ਤਿੰਨ ਮਹੀਨੇ ਦੇ ਬਰਾਬਰ ਦੀ ਲਾਇਸੰਸ ਫੀਸ ਜਾਂ 25000/- ਰੁਪੈ: ਜੋ ਵੀ ਵੱਧ ਹੋਵੇ, ਬਤੌਰ ਸਕਿਊਰਟੀ ਬੋਲੀ ਤੋ ਸੱਤ ਦਿਨਾਂ ਦੇ ਅੰਦਰ ਅੰਦਰ ਜਮ੍ਹਾਂ ਕਰਵਾਉਣੀ ਪਵੇਗੀ।
3. ਦੁਕਾਨ ਦੇ ਕਿਰਾਏ ਅਤੇ ਲਾਇਸੰਸੀ ਫੀਸ ਤੇ 18% ਜੀ.ਐਸ.ਟੀ (or as applicable) ਅਲੱਗ ਤੋਂ ਚਾਰਜ ਕੀਤਾ ਜਾਵੇਗਾ।
4. ਇਹ ਬੋਲੀ ਤੇ ਦੁਕਾਨ ਦੋ ਸਾਲ ਤੱਕ ਲਾਗੂ ਰਹੇਗੀ, ਜੇਕਰ ਪ੍ਰਬੰਧਕ ਦੁਕਾਨ ਚਲਾਉਣ ਦੀ ਕਾਰਗੁਜਾਰੀ ਤੋ ਪ੍ਰਭਾਵਿਤ ਹੋਵੇ ਤਾਂ ਲਾਇਸੰਸ ਫੀਸ ਤੇ ਸਕਿਊਰਟੀ ਦੂਜੇ ਸਾਲ ਲਈ 15 ਪ੍ਰਤੀਸ਼ਤ ਵਧਾ ਕੇ ਲਈ ਜਾਵੇਗੀ। ਜੇਕਰ ਦੁਕਾਨ ਦਾ ਠੇਕਾ ਦੋ ਸਾਲ ਤੋਂ ਪਹਿਲਾਂ ਛੱਡਿਆ ਜਾਂਦਾ ਹੈ ਤਾਂ ਲਾਇਸੰਸੀ ਦੀ ਸਕਿਊਰਟੀ ਜਬਤ ਕਰ ਲਈ ਜਾਵੇਗੀ। ਦੋ ਸਾਲ ਦੀ ਮਿਆਦ ਪੂਰੀ ਹੋਣ ਉਪਰੰਤ ਲਾਇਸੰਸੀ ਦੀ ਮਿਆਦ ਵਿਚ ਵਾਧਾ ਇੱਕ-ਇੱਕ ਸਾਲ ਲਈ ਦੋ ਵਾਰ ਹੀ ਕੀਤਾ ਜਾਵੇਗਾ, ਪ੍ਰੰਤੂ ਲਾਇਸੰਸ ਫੀਸ ਤੇ ਸਕਿਊਰਟੀ ਮੌਜੂਦਾ ਰੇਟ ਦਾ 15 ਪ੍ਰਤੀਸ਼ਤ ਵਧਾ ਕੇ ਲਿਆ ਜਾਵੇਗਾ। ਕਿਸੇ ਵੀ ਹਾਲਤ ਵਿਚ ਦੁਕਾਨ ਚਾਰ ਸਾਲ ਤੋ ਵੱਧ ਸਮੇ ਲਈ ਨਹੀ ਦਿੱਤੀ ਜਾਵੇਗੀ।
5. ਬਿਜਲੀ ਦਾ ਮੀਟਰ ਲਾਇਸੰਸੀ ਪੀ.ਐਸ.ਪੀ.ਸੀ.ਐਲ ਤੋਂ ਖੁੱਦ ਲਵਾਏਗਾ ਅਤੇ ਬਿਜਲੀ ਬਿੱਲ ਲਾਇਸੰਸੀ ਪੀ.ਐਸ.ਪੀ.ਸੀ.ਐਲ ਵਿੱਚ ਖੁੱਦ ਅਦਾ ਕਰੇਗਾ ਅਤੇ ਇਸਦੀ ਰਸੀਦ ਦੀ ਕਾਪੀ ਅਸਟੇਟ ਵਿਭਾਗ ਵਿੱਚ ਜਮ੍ਹਾਂ ਕਰਵਾਏਗਾ। ਠੇਕੇ ਦਾ ਸਮਾਂ ਖਤਮ ਹੋਣ ਉਪਰੰਤ ਲਾਇਸੰਸੀ ਬਿਜਲੀ ਦਾ ਕੁਨੈਕਸ਼ਨ ਕਟਵਾ ਕੇ (device removal certificate) ਰਸੀਦ ਅਸਟੇਟ ਵਿਭਾਗ ਵਿੱਚ ਜਮ੍ਹਾਂ ਕਰਵਾਏਗਾ।

   ਜੇਕਰ ਲਾਇਸੰਸੀ ਤੋਂ ਪੀ.ਐਸ.ਪੀ.ਸੀ.ਐਲੇ ਤੋਂ ਮੀਟਰ ਲਗਵਾਉਣ ਦਾ ਪ੍ਰਬੰਧ ਢੁੱਕਵੇਂ ਸਮੇਂ ਅੰਦਰ ਨਹੀਂ ਹੁੰਦਾ ਤਾਂ ਲਾਇਸੰਸੀ ਖੁੱਦ ਮਾਰਕਿਟ ਵਿੱਚੋਂ ਆਪਣਾ ਮੀਟਰ ਖਰੀਦ ਕੇ ਅਸਟੇਟ ਵਿਭਾਗ ਤੋਂ ਆਰਜ਼ੀ ਬਿਜਲੀ ਦਾ ਕੁਨੈਕਸ਼ਨ ਲੈ ਕੇ ਵਿਭਾਗ ਦੀ ਨਿਗਰਾਨੀ ਹੇਠ ਮੀਟਰ ਚੈਕ ਕਰਵਾ ਕੇ ਲਗਵਾਏਗਾ ਅਤੇ ਇਸਦੀ ਸਕਿਊਰਟੀ ਵਜੋਂ ਰੁਪਏ 10,000/- (ਮੋੜਨਯੋਗ) ਯੂਨੀਵਰਸਿਟੀ ਲੇਖਾ ਸ਼ਾਖਾ ਵਿੱਚ ਜਮ੍ਹਾਂ ਕਰਵਾ ਕੇ ਇਸਦੀ ਰਸੀਦ ਦੀ ਕਾਪੀ ਅਸਟੇਟ ਵਿਭਾਗ ਵਿੱਚ ਜਮ੍ਹਾਂ ਕਰਵਾਏਗਾ।
6. ਲਾਇਸੰਸੀ ਵੱਲੋ ਬੋਲੀ ਤੋ ਇਕ ਹਫਤੇ ਦੇ ਅੰਦਰ ਅੰਦਰ ਰੁ: 100/- ਦੇ ਅਸਟਾਮ (ਜੋ ਕਿ ਪੰਜਾਬ ਸਰਕਾਰ ਤੋਂ ਲਿਆ ਹੋਵੇ) ਤੇ ਲਾਇਸੰਸੀ ਫੀਸ ਅਤੇ ਹੋਰ ਸ਼ਰਤਾਂ ਬਾਰੇ ਇਸ ਦਫਤਰ ਨਾਲ ਇਕਰਾਰਨਾਮਾ ਕਰਨਾ ਹੋਵੇਗਾ, ਜਿਸ ਦਾ ਖਰਚਾ ਲਾਇਸੰਸੀ ਦਾ ਹੋਵੇਗਾ।
7. ਲਾਇਸੰਸੀ ਦੁਕਾਨ ਵਿਚ ਕਿਸੇ ਕਿਸਮ ਦੀ ਅਦਲਾ ਬਦਲੀ ਕਰਨ ਦਾ ਹੱਕਦਾਰ ਨਹੀ ਹੋਵੇਗਾ।ਅਜਿਹਾ ਕਰਨ ਦੀ ਸੂਰਤ ਵਿਚ ਉਸ ਤੇ ਰਜਿਸਟਰਾਰ/ਸਮੱਰਥ ਅਧਿਕਾਰੀ ਦੇ ਨਾਮਜਦ ਅਧਿਕਾਰੀਆਂ ਵੱਲੋ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।
8. ਰਜਿਸਟਰਾਰ/ਸਮੱਰਥ ਅਧਿਕਾਰੀ ਦੇ ਨਾਮਜਦ ਅਧਿਕਾਰੀਆਂ ਨੂੰ ਦੁਕਾਨ ਵਿਚ ਦਾਖਲ ਹੋ ਕੇ ਨਿਰੀਖਣ ਕਰਨ ਦਾ ਪੂਰਾ ਪੂਰਾ ਹੱਕ ਹੋਵੇਗਾ ਅਤੇ ਨਿਰੀਖਣ ਰਿਪੋਰਟ ਸਮੱਰਥ ਅਧਿਕਾਰੀ ਨੂੰ 3 ਦਿਨਾਂ ਦੇ ਅੰਦਰ-ਅੰਦਰ ਸੌਪੀ ਜਾਵੇਗੀ। ਇਸ ਤੋ ਬਿਨਾਂ ਲਾਇਸੰਸੀ ਫੀਸ ਦੀਆਂ ਨਿਰਧਾਰਿਤ ਕਿਸੇ ਵੀ ਤਰ੍ਹਾ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਦੀ ਸੂਰਤ ਵਿਚ ਰਜਿਸਟਰਾਰ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਨੂੰ ਦੁਕਾਨ ਖਾਲ੍ਹੀ ਕਰਵਾਉਣ ਦਾ ਪੂਰਾ ਹੱਕ ਹੋਵੇਗਾ।
9. ਲਾਇਸੰਸੀ ਵੱਲੋਂ ਹਰ ਮਹੀਨੇ ਦੀ 10 ਤਾਰੀਖ ਤੱਕ ਅਡਵਾਂਸ ਲਾਇਸੰਸੀ ਫੀਸ ਯੂਨੀਵਰਸਿਟੀ ਲੇਖਾ ਸ਼ਾਖਾ ਵਿਚ ਜਮ੍ਹਾਂ ਕਰਵਾਉਣੀ ਹੋਵੇਗੀ। ਇਸ ਤੋ ਬਾਅਦ 20/- ਰੁਪਏ ਪ੍ਰਤੀ ਦਿਨ ਜੁਰਮਾਨਾ ਵਸੂਲ ਕੀਤਾ ਜਾਵੇਗਾ। ਜੇਕਰ ਇੱਕ ਮਹੀਨੇ ਤੱਕ ਲਾਈਸੰਸੀ ਜੁਰਮਾਨੇ ਸਮੇਤ ਲਾਇਸੰਸੀ ਫੀਸ ਨਹੀ ਭਰਦਾ ਤਾਂ ਉਸ ਦੀ ਦੁਕਾਨ ਖਾਲ੍ਹੀ ਘੋਸ਼ਿਤ ਕਰਕੇ ਸਮਾਨ ਸਮੇਤ ਸਕਿਊਰਟੀ ਜਬਤ ਕਰ ਲਈ ਜਾਵੇਗੀ।
10. ਸਫਲ ਬੋਲੀਦਾਤਾ ਬੋਲੀ ਦੀ ਮਿਤੀ ਤੋ 20 ਦਿਨਾਂ ਦੇ ਅੰਦਰ ਅੰਦਰ ਦੁਕਾਨ ਲਾਜਮੀ ਚਾਲੂ ਕਰੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿਚ ਕੋਈ ਯਾਦ ਪੱਤਰ ਨਹੀ ਦਿੱਤਾ ਜਾਵੇਗਾ ਅਤੇ ਸਕਿਊਰਟੀ ਜਬਤ ਕਰ ਲਈ ਜਾਵੇਗੀ ਅਤੇ ਦੋ ਨੰਬਰ ਦੇ ਬੋਲੀਦਾਤਾ ਨੂੰ ਦੁਕਾਨ ਚਾਲੂ ਕਰਨ ਦਾ ਮੌਕਾ ਦੇ ਦਿੱਤਾ ਜਾਵੇਗਾ।

11. ਜੇਕਰ ਬਿਨਾ ਸੂਚਨਾ ਦੇ ਇੱਕ ਹਫਤੇ ਤੋ ਵੱਧ ਸਮਾਂ ਦੂਕਾਨ ਬੰਦ ਰੱਖੀ ਜਾਂਦੀ ਹੈ ਤਾਂ ਕੰਟੀਨ ਖਾਲ਼ੀ ਘੋਸ਼ਿਤ ਕਰਕੇ ਸਮਾਨ ਸਮੇਤ ਸਕਿਊਰਟੀ ਜਬਤ ਕਰ ਲਈ ਜਾਵੇਗੀ ਅਤੇ ਪਹਿਲੇ ਬੋਲੀਕਾਰ ਨੂੰ ਬਲੈਕ ਲਿਸਟ ਕਰਦਿਆ ਅੱਗੇ ਤੋ ਬੋਲੀ ਵਿੱਚ ਭਾਗ ਲੈਣ ਦੀ ਮਨਾਹੀ ਹੋਵੇਗੀ।

12. ਦੂਕਾਨ ਦੇ ਚਾਰਜ ਲੈਣ ਜਾਂ ਕਿਸੇ ਕਿਸਮ ਦੇ ਹੋਰ ਮਾਮਲੇ ਜਾਂ ਝਗੜੇ ਸਬੰਧੀ ਰਜਿਸਟਰਾਰ ਦਾ ਫੈਸਲਾ ਸਹੀ ਅਤੇ ਆਖਰੀ ਮੰਨਿਆ ਜਾਵੇਗਾ।

13. ਦੂਕਾਨ ਜਿਸ ਮੰਤਵ ਲਈ ਦਿੱਤੀ ਜਾਵੇਗੀ, ਉਸੇ ਮੰਤਵ ਲਈ ਹੀ ਵਰਤੀ ਜਾਵੇਗੀ ਅਤੇ ਕਿਸੇ ਵੀ ਹਾਲਤ ਵਿਚ ਅੱਗੇ ਸਬਲੈਟ/ ਪਾਰਟਨਰਸ਼ਿਪ ਨਹੀ਼ ਕੀਤੀ ਜਾਵੇਗੀ। ਅਜਿਹੀ ਸੂਰਤ ਵਿੱਚ ਦੂਕਾਨ ਖਾਲੀ ਕਰਕੇ ਸਮਾਨ ਸਮੇਤ ਸਕਿਊਰਟੀ ਜਬਤ ਕਰ ਲਈ ਜਾਵੇਗੀ।

14. ਰਜਿਸਟਰਾਰ ਨੂੰ ਬਿਨਾਂ ਕਿਸੇ ਕਾਰਨ ਦੱਸੇ ਬੋਲੀ ਪ੍ਰਵਾਨ/ਅਪ੍ਰਵਾਨ ਕਰਨ ਦਾ ਪੂਰਾ ਪੂਰਾ ਹੱਕ ਹੋਵੇਗਾ।

15. ਰਜਿਸਟਰਾਰ ਵੱਲੋ ਦੂਕਾਨ ਖਾਲ਼ੀ ਕਰਵਾਉਣ ਲਈ ਦਿੱਤੇ ਨੋਟਿਸ ਅਨੁਸਾਰ ਜਾਂ ਇਸ ਦੇ ਸਮੇ ਦੀ ਮਿਆਦ ਖਤਮ ਹੋਣ ਉਪਰੰਤ ਅਗਰ ਲਾਇਸੰਸੀ ਦੂਕਾਨ ਖਾਲ਼ੀ ਨਹੀ਼ ਕਰਦਾ ਤਾਂ ਉਸ ਤੋ ਲਾਇਸੰਸੀ ਫੀਸ ਦੀ 20 ਗੁਣਾ ਰਕਮ ਭਰਵਾਈ ਜਾਵੇਗੀ ਅਤੇ ਬਣਦੀ ਯੋਗ ਕਾਰਵਾਈ ਕੀਤੀ ਜਾਵੇਗੀ।

16 ਸਫਲ ਬੋਲੀਦਾਤਾ ਦੂਕਾਨ ਤੇ ਬੈਠਣ ਵਾਲੇ ਵਿਅਕਤੀ ਜਿਵੇ ਕਿ ਸੇਲਜ ਮੈਨ ਅਤੇ ਵਰਕਰਾਂ ਆਦਿ ਦਾ ਪੂਰਾ ਵੇਰਵਾ ਫੋਟੋ ਸਮੇਤ ਪੁਲਿਸ ਵੈਰੀਫਿਕੇਸ਼ਨ ਕਰਵਾ ਕੇ ਅਸਟੇਟ ਵਿਭਾਗ ਵਿੱਚ ਜਮ੍ਹਾਂ ਕਰਵਾਏਗਾ।

17 ਰਜਿਸਟਰਾਰ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਵੱਲੋ ਲਾਇਸੰਸ ਫੀਸ ਅਤੇ ਸਮਾਨ ਵੇਚਣ ਬਾਰੇ ਲਿਆ ਗਿਆ ਫੈਸਲਾ ਲਾਇਸੰਸੀ ਤੇ ਅੰਤਮ ਤੌਰ ਤੇ ਲਾਗੂ ਹੋਵੇਗਾ।

18 ਵਿਦਿਆਰਥੀਆਂ ਨੂੰ ਕਾਊਟਰ ਤੇ ਬੈਠਣ ਦੀ ਆਗਿਆ ਨਹੀ ਹੋਵੇਗੀ ਅਤੇ ਇਸ ਦੀ ਉਲੰਘਣਾ ਹੋਣ ਦੀ ਸੂਰਤ ਵਿਚ ਲਾਇਸੰਸੀ ਖੁਦ ਜ਼ਿਮੇਵਾਰ ਹੋਵੇਗਾ। ਅਜਿਹੀ ਸ਼ਿਕਾਇਤ ਦੀ ਸੂਰਤ ਵਿਚ ਰਜਿਸਟਰਾਰ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਵੱਲੋ ਕੀਤੀ ਗਈ ਕਾਰਵਾਈ/ਫੈਸਲਾ ਲਾਇਸੰਸੀ ਤੇ ਲਾਗੂ ਹੋਵੇਗਾ।

19 ਵਿਦਿਆਰਥੀਆਂ ਅਤੇ ਸਟਾਫ ਨਾਲ ਲੈਣ ਦੇਣ ਦੇ ਜਾ ਉਧਾਰ ਆਦਿ ਦੇ ਕਿਸੇ ਵੀ ਮਾਮਲੇ ਵਿਚ ਰਜਿਸਟਰਾਰ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੀ ਕੋਈ ਜ਼ਿਮੇਵਾਰੀ ਨਹੀ ਹੋਵੇਗੀ।

20 ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਵਿੱਚ ਸਕਿਊਰਟੀ ਦੀ ਜੋ ਰਕਮ ਜਮ੍ਹਾਂ ਕਰਵਾਈ ਜਾਵੇਗੀ, ਉਸ ਉਪਰ ਕੋਈ ਵਿਆਜ ਨਹੀ ਦਿੱਤਾ ਜਾਵੇਗਾ।

21 ਸਫਲ ਬੋਲੀਦਾਤਾ ਜੇਕਰ ਕਿਸੇ ਸਮੇ ਵੀ ਕਿਸੇ ਕਿਸਮ ਦਾ ਨਸ਼ਾ ਕਰਦਾ ਹੈ ਜਾਂ ਨਸ਼ਾਂ ਕਰਨ ਲਈ ਪ੍ਰੇਰਿਤ ਕਰਦਾ ਹੈ ਤਾਂ ਉਸ ਦੀ ਦੂਕਾਨ ਦੀ ਅਲਾਟਮੈਂਟ ਤੁਰੰਤ ਰੱਦ ਕਰਕੇ ਸਕਿਊਰਟੀ ਜਬਤ ਕਰ ਲਈ ਜਾਵੇਗੀ।

22 ਇਹ ਜ਼ਰੂਰੀ ਹੈ ਕਿ ਬੋਲੀਦਾਤਾ ਦਾ ਵਿਵਹਾਰ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੇ ਅਧਿਕਾਰੀਆਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਦੇ ਪ੍ਰਤੀ ਚੰਗਾ ਹੋਵੇ ਅਤੇ ਗਲਤ ਵਿਵਹਾਰ ਬਾਰੇ ਸ਼ਿਕਾਇਤ ਦੀ ਸੂਰਤ ਵਿਚ ਰਜਿਸਟਰਾਰ ਕੋਲ ਅਧਿਕਾਰ ਹੋਵੇਗਾ ਕਿ ਉਹ ਤੁਰੰਤ ਉਸ ਦੀ ਦੂਕਾਨ ਦੀ ਅਲਾਟਮੈਂਟ ਰੱਦ ਕਰਕੇ ਖਾਲ਼ੀ ਕਰਵਾ ਸਕਦਾ ਹੈ।

23. ਸਫਲ ਬੋਲੀਦਾਤਾ ਆਪਣੇ ਚਾਲ-ਚੱਲਣ ਸੰਬਧੀ ਸਰਪੰਚ ਜਾਂ ਮਿਉਂਸਪਲ ਕੌਂਸਲਰ (ਐਮ.ਸੀ.) ਤੋ ਤਸਦੀਕ ਕਰਵਾ ਕੇ ਇਹ ਸਰਟੀਫੀਕੇਟ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਨੂੰ ਦੂਕਾਨ ਲੈਣ ਤੋ ਤੁਰੰਤ ਬਾਅਦ ਪੇਸ਼ ਕਰੇਗਾ।

24. ਲਾਇਸੰਸੀ ਵੱਲੋ ਦੂਕਾਨ ਉੱਪਰ ਸਾਮਾਨ ਮਾਰਕਿਟ ਰੇਟਾਂ ਤੋਂ ਜਿਆਦਾ ਰੇਟ ਤੇ ਨਹੀਂ ਵੇਚਿਆ ਜਾਵੇਗਾ ਅਤੇ ਵੇਚੇ ਜਾਣ ਵਾਲੇ ਸਾਮਾਨ ਦੇ ਰੇਟਾਂ ਦੀ ਲਿਸਟ ਦੂਕਾਨ ਦੇ ਬਾਹਰ ਪ੍ਰਕਾਸ਼ਿਤ ਕਰਨੀ ਲਾਜਮੀ ਹੋਵੇਗੀ। ਜੇਕਰ ਮਾਰਕਿਟ ਰੇਟਾਂ ਤੋਂ ਜਿਆਦਾ ਰੇਟ ਤੇ ਸਾਮਾਨ ਵੇਚਦਾ ਪਾਇਆ ਜਾਂਦਾ ਹੈ ਤਾਂ ਉਸ ਸੰਬੰਧਿਤ ਦੂਕਾਨ ਦਾ ਲਾਇਸੈਂਸ ਰੱਦ ਕਰ ਦਿੱਤਾ ਜਾਵੇਗਾ।

25. ਦੂਕਾਨ ਵਿੱਚ ਮੌਜੂਦ ਫਰਨੀਚਰ, ਮਸ਼ੀਨਾਂ ਆਦਿ ਨੂੰ ਕੈਂਪਸ ਤੋਂ ਬਾਹਰ ਲਿਜਾਣ ਤੋਂ ਪਹਿਲਾਂ ਸਬੰਧਿਤ ਵਿਭਾਗ ਨੂੰ ਜਾਣਕਾਰੀ ਦੇਣੀ ਜਰੂਰੀ ਹੋਵੇਗੀ।

26. ਦੂਕਾਨ ਦੇ ਕਿਸੇ ਵੀ ਜਾਨੀ-ਮਾਲੀ ਨੁਕਸਾਨ ਦੀ ਯੂਨੀਵਰਸਿਟੀ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

27. ਲਾਇਸੰਸੀ ਵੱਲੋ ਕੋਵਿਡ/ਕੁਦਰਤੀ ਆਫਤ/ਯੂਨੀਵਰਸਿਟੀ ਜਾਂ ਪੰਜਾਬ ਜਾਂ ਕੇਂਦਰ ਸਰਕਾਰ ਵੱਲੋ ਜਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇਗੀ।

28. ਲਾਇਸੰਸੀ ਵੱਲੋ ਆਪਣੀ ਦੂਕਾਨ ਅਤੇ ਇਸਦਾ ਆਲਾ-ਦੁਆਲਾ ਸਾਫ ਰੱਖਿਆ ਜਾਵੇਗਾ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਜੁਰਮਾਨਾ ਲਗਾਇਆ ਜਾਵੇਗਾ।

ਉਪਰੋਕਤ ਸਾਰੀਆਂ ਸ਼ਰਤਾਂ ਦੀ ਇੰਨ ਬਿਨ ਪਾਲਣਾ ਨਾ ਕਰਨ ਦੀ ਸੂਰਤ ਵਿਚ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੇ ਅਧਿਕਾਰੀਆਂ ਵੱਲੋ ਕੀਤੀ ਕਾਰਵਾਈ ਅਤੇ ਫੈਸਲਾ ਲਾਇਸੰਸੀ ਤੇ ਤੁਰੰਤ ਲਾਗੂ ਹੋਵੇਗਾ।

| ਪ੍ਰੋਫੈਸਰ ਇੰਚਾਰਜ (ਅਸਟੇਟ) | ਐਸ.ਡੀ.ਈ | ਜੇ.ਈ (ਸਿਵਲ) | ਜੇ.ਈ (ਇਲੈਕਟ੍ਰੀਕਲ) |
|---|---|---|---|